ਆਕਾਸ਼ਵਾਣੀ ਜਲੰਧਰ

ਰਾਸ਼ਟਰੀ ਖਬਰਾਂ ਪੰਜਾਬੀ

08:30

ਮਿਤੀ: 5-11-2026

ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ

- ਕੇਂਦਰੀ ਮੰਤਰੀ ਮੰਡਲ ਨੇ ਅਗਨੀਪਥ ਯੋਜਨਾ ਵਿੱਚ ਸੋਧੇ ਹੋਏ ਢਾਂਚੇ ਨੂੰ ਮਨਜ਼ੂਰੀ ਦਿੱਤੀ -ਰੱਖਿਆ ਬਲਾਂ ਵਿੱਚ ਸਾਰੇ ਚਾਹਵਾਨ ਅਗਨੀਵੀਰਾਂ ਦੀ 100 ਫੀਸਦੀ ਸਥਾਈ ਭਰਤੀ ਲਈ ਰਾਹ ਪੱਧਰਾ ਹੋਇਆ।

- ਗ੍ਰਹਿ ਮੰਤਰੀ ਅਮਿਤ ਸ਼ਾਹ ਅੱਜ ਅੰਬਾਲਾ ਛਾਉਣੀ ਵਿੱਚ, 1857 ਦੀ ਆਜ਼ਾਦੀ ਦੀ ਲੜਾਈ ਦੇ ਬਹਾਦਰ ਸ਼ਹੀਦਾਂ ਦੀ ਯਾਦ ਵਿੱਚ ਬਣਾਈ 'ਸ਼ਹੀਦ ਯਾਦਗਾਰ' ਦਾ ਉਦਘਾਟਨ ਕਰਨਗੇ।

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਨਵੀਂ ਦਿੱਲੀ ਵਿੱਚ, ਏਸ਼ੀਆਈ ਪੈਰਾ ਖੇਡਾਂ-2026 ਵਿੱਚ ਹਿੱਸਾ ਲੈਣ ਵਾਲੇ ਭਾਰਤੀ ਦਲ ਦੇ ਮੈਂਬਰਾਂ ਨਾਲ ਗੱਲਬਾਤ ਕਰਨਗੇ।

- ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵਲੋਂ ਮਾੜੀ ਗੁਣਵੱਤਾ ਵਾਲੀਆਂ ਐਲਾਨੀਆਂ ਦਵਾਈਆਂ ਦੇ ਨਿਰਮਾਣ ਲਾਇਸੈਂਸਾਂ ਨੂੰ ਤੁਰੰਤ ਮੁਅੱਤਲ ਕਰਨ ਦੀ ਤਜਵੀਜ਼।

- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਵੀਕਾਰ ਕੀਤਾ - ਈਰਾਨ ਸੰਘਰਸ਼ ਦਾ ਅਮਰੀਕਾ ਦੀਆਂ ਮੱਧ-ਕਾਲੀ ਚੋਣਾਂ 'ਤੇ ਡੂੰਘਾ ਅਸਰ ਪਿਆ -ਕਿਹਾ ਵੋਟਰ, ਜੰਗ ਕਾਰਨ ਪੈਟਰੋਲ ਦੀਆਂ ਵਧਦੀਆਂ ਕੀਮਤਾਂ ਤੋਂ ਕਾਫ਼ੀ ਪਰੇਸ਼ਾਨ ਸਨ।

- ਭਾਰਤ ਨੇ ਦੱਖਣੀ ਕੋਰੀਆ ਨੂੰ 8-1 ਨਾਲ ਹਰਾ ਕੇ 9ਵੀਂ ਹੀਰੋ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਆਪਣੀ ਥਾਂ ਪੱਕੀ ਕੀਤੀ - ਫਾਈਨਲ ਅੱਜ ਸ਼ਾਮ 7 ਵਜੇ ਜਾਪਾਨ ਨਾਲ ਹੋਵੇਗਾ।

ਹੁਣ ਖਬਰਾਂ ਵਿਸਥਾਰ ਨਾਲ

ਕੇਂਦਰੀ ਮੰਤਰੀ ਮੰਡਲ ਨੇ ਅਗਨੀਪਥ ਯੋਜਨਾ ਵਿੱਚ ਇੱਕ ਵੱਡਾ ਬਦਲਾਅ ਕਰਦੇ ਹੋਏ ਇੱਕ ਸੋਧੇ ਹੋਏ ਢਾਂਚੇ ਨੂੰ ਮਨਜ਼ੂਰੀ ਦੇ ਦਿੱਤੀ ਏ।

ਇਹ ਰੱਖਿਆ ਬਲਾਂ ਵਿੱਚ ਸਾਰੇ ਚਾਹਵਾਨ ਅਗਨੀਵੀਰਾਂ ਦੀ 100 ਫੀਸਦੀ ਸਥਾਈ ਭਰਤੀ ਲਈ ਰਾਹ ਪੱਧਰਾ ਕਰੇਗਾ। ਕੈਬਨਿਟ ਮੀਟਿੰਗ ਤੋਂ ਬਾਅਦ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ, ਚੀਫ਼ ਆਫ਼ ਡਿਫੈਂਸ ਸਟਾਫ਼ ਜਨਰਲ ਐਨ.ਐਸ. ਰਾਜਾ ਸੁਬਰਾਮਣੀ ਨੇ ਕਿਹਾ ਕਿ ਇਹ ਕਦਮ ਹਥਿਆਰਬੰਦ

ਬਲਾਂ ਵਲੋਂ ਕੀਤੇ ਗਏ ਇੱਕ ਵਿਆਪਕ ਮੁਲਾਂਕਣ ਤੋਂ ਬਾਅਦ ਚੁੱਕਿਆ ਗਿਆ ਏ। ਮੁਲਾਂਕਣ ਨੂੰ ਅਗਨੀਵੀਰਾਂ ਦੀ ਪ੍ਰਭਾਵਸ਼ੀਲਤਾ, ਸਰੀਰਕ ਤੰਦਰੁਸਤੀ ਅਤੇ ਤਕਨੀਕੀ ਅਨੁਕੂਲਤਾ 'ਤੇ ਬਹੁਤ ਜ਼ਿਆਦਾ ਸਕਾਰਾਤਮਕ ਫੀਡਬੈਕ ਮਿਲਿਆ ਏ। ਉਨ੍ਹਾਂ ਦੱਸਿਆ -

BYTE: CHIEF OF DEFENCE STAFF ON AGNIVEER

ਇਹ ਫੈਸਲਾ 18 ਹਜ਼ਾਰ 300 ਅਗਨੀਵੀਰਾਂ ਦੇ ਪਹਿਲੇ ਬੈਚ ਦੇ ਅਗਲੇ ਮਹੀਨੇ ਆਪਣਾ ਸ਼ੁਰੂਆਤੀ ਚਾਰ ਸਾਲਾਂ ਦਾ ਕਾਰਜਕਾਲ ਪੂਰਾ ਕਰਨ ਤੋਂ ਠੀਕ ਪਹਿਲਾਂ ਆਇਆ ਏ।

ਗ੍ਰਹਿ ਮੰਤਰੀ ਅਮਿਤ ਸ਼ਾਹ ਅੱਜ ਅੰਬਾਲਾ ਛਾਉਣੀ ਵਿੱਚ ਸ਼ਹੀਦ ਯਾਦਗਾਰ ਦਾ ਉਦਘਾਟਨ ਕਰਨਗੇ।

ਇਹ ਯਾਦਗਾਰ 1857 ਦੀ ਆਜ਼ਾਦੀ ਦੀ ਲੜਾਈ ਦੇ ਬਹਾਦਰ ਸ਼ਹੀਦਾਂ ਦੀ ਯਾਦ ਵਿੱਚ ਬਣਾਈ ਗਈ ਏ। BJP ਨੇਤਾ ਅਤੇ ਸਾਬਕਾ ਮੰਤਰੀ ਅਸੀਮ ਗੋਇਲ ਨੇ ਅੰਬਾਲਾ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ ਇਸਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਇੱਕ ਯਾਦਗਾਰ ਦਾ ਉਦਘਾਟਨ ਨਹੀਂ ਹੈ, ਸਗੋਂ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਜਾਣੇ-ਪਛਾਣੇ ਨਾਇਕਾਂ ਪ੍ਰਤੀ ਸ਼ੁਕਰਗੁਜ਼ਾਰੀ ਅਤੇ ਸ਼ਰਧਾਂਜਲੀ ਦੇਣ ਦਾ ਇੱਕ ਇਤਿਹਾਸਕ ਮੌਕਾ ਏ । ਸ੍ਰੀ ਗੋਇਲ ਨੇ ਕਿਹਾ ਕਿ ਲਗਭਗ 22 ਏਕੜ ਵਿੱਚ ਬਣੀ ਇਹ ਸ਼ਾਨਦਾਰ ਯਾਦਗਾਰ, ਲਗਭਗ 800 ਕਰੋੜ ਰੁਪਏ ਦੀ

ਲਾਗਤ ਨਾਲ, ਹਰਿਆਣਾ ਦੀ ਇੱਕ ਇਤਿਹਾਸਕ ਵਿਰਾਸਤ ਵਜੋਂ ਆਪਣੀ ਵਿਲੱਖਣ ਪਛਾਣ ਸਥਾਪਤ ਕਰੇਗੀ। 1857 ਦੀ ਆਜ਼ਾਦੀ ਦੀ ਲੜਾਈ ਨਾਲ ਜੁੜੇ 700 ਤੋਂ ਵੱਧ ਨਾਇਕਾਂ ਦੇ ਨਾਮ ਇਸ ਸਮਾਰਕ 'ਤੇ ਸੁਨਹਿਰੀ ਅੱਖਰਾਂ ਵਿੱਚ ਉੱਕਰੇ ਹੋਏ ਨੇ।

ਸ਼੍ਰੀ ਗੋਇਲ ਨੇ ਦੱਸਿਆ ਕਿ ਆਧੁਨਿਕ ਤਕਨਾਲੋਜੀ ਦੀ ਵਰਤੋਂ ਕਰਕੇ ਇਸ ਸਮਾਰਕ ਵਿੱਚ ਆਜ਼ਾਦੀ ਸੰਗਰਾਮ ਦੀ ਗਾਥਾ ਨੂੰ ਜੀਵਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਨਵੀਂ ਪੀੜ੍ਹੀ ਨੂੰ ਨਾ ਸਿਰਫ਼ ਕਿਤਾਬਾਂ ਵਿੱਚ ਇਤਿਹਾਸ ਪੜ੍ਹਨ ਦਾ ਮੌਕਾ ਮਿਲੇਗਾ, ਸਗੋਂ ਇਸਨੂੰ ਖੁਦ ਅਨੁਭਵ ਕਰਨ ਦਾ ਵੀ ਮੌਕਾ ਮਿਲੇਗਾ। ਉਨ੍ਹਾਂ ਕਿਹਾ ਕਿ ਸ਼ਹੀਦ ਸਮਾਰਕ ਦਾ ਉਦਘਾਟਨ ਕਰਨ ਤੋਂ ਬਾਅਦ, ਗ੍ਰਹਿ ਮੰਤਰੀ ਅੰਬਾਲਾ ਦੇ ਗਾਂਧੀ ਮੈਦਾਨ ਵਿੱਚ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਨਗੇ।

ਇਸ ਤੋਂ ਪਹਿਲਾਂ, ਸ਼੍ਰੀ ਸ਼ਾਹ ਭਾਰਤੀ ਜਨਤਾ ਪਾਰਟੀ ਦੇ "ਲੋਕਤੰਤਰ ਬਚਾਓ, ਅਰਾਜਕਤਾ ਹਟਾਓ" ਮੁਹਿੰਮ ਦੇ ਹਿੱਸੇ ਵਜੋਂ ਕਰਨਾਲ ਵਿੱਚ ਇੱਕ ਮਾਰਚ ਦੀ ਅਗਵਾਈ ਕਰਨਗੇ। ਇਹ ਮਾਰਚ ਸ਼ਹਿਰ ਦੇ ਸੈਕਟਰ 12 ਤੋਂ ਸ਼ੁਰੂ ਹੋਵੇਗਾ ਅਤੇ ਮੁਗਲ ਨਹਿਰ ਤੱਕ ਕਢਿਆ ਜਾਵੇਗਾ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਸਪੋਰਟਸ ਕੰਪਲੈਕਸ ਵਿੱਚ, ਏਸ਼ੀਆਈ ਪੈਰਾ ਖੇਡਾਂ 2026 ਵਿੱਚ ਹਿੱਸਾ

ਲੈਣ ਵਾਲੇ ਭਾਰਤੀ ਦਲ ਦੇ ਮੈਂਬਰਾਂ ਨਾਲ ਗੱਲਬਾਤ ਕਰਨਗੇ। ਇਸ ਮੌਕੇ ਉਹ ਇਕੱਠ ਨੂੰ ਸੰਬੋਧਨ ਵੀ ਕਰਨਗੇ।

ਜਾਪਾਨ ਦੇ ਆਈਚੀ-ਨਾਗੋਯਾ ਵਿੱਚ ਹੋਈਆਂ ਏਸ਼ੀਆਈ ਪੈਰਾ ਖੇਡਾਂ ਵਿੱਚ, ਭਾਰਤ ਨੇ ਹੁਣ ਤੱਕ ਦਾ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਕੀਤਾ, ਜਿਸ ਵਿੱਚ 97 ਪੈਰਾ-ਖਿਡਾਰੀਆਂ ਨੇ ਕੁੱਲ 114 ਤਮਗੇ ਹਾਸਿਲ ਕੀਤੇ। ਤਮਗਾ ਸੂਚੀ ਵਿੱਚ 30 ਸੋਨੇ ਦੇ, 35 ਚਾਂਦੀ ਦੇ ਅਤੇ 49 ਕਾਂਸੀ ਦੇ ਤਮਗੇ ਸ਼ਾਮਲ ਨੇ। ਇਸ ਸਮਾਰੋਹ ਵਿੱਚ ਤਮਗੇ ਜਿੱਤਣ ਵਾਲੇ ਖਿਡਾਰੀ, ਕੋਚ, ਭਾਰਤੀ

ਪੈਰਾਲੰਪਿਕ ਕਮੇਟੀ ਤੇ ਭਾਰਤੀ ਓਲੰਪਿਕ ਸੰਘ ਦੇ ਅਧਿਕਾਰੀ, ਰਾਸ਼ਟਰੀ ਖੇਡ ਫੈਡਰੇਸ਼ਨਾਂ ਦੇ ਨੁਮਾਇੰਦੇ ਅਤੇ ਨੌਜਵਾਨ ਮਾਮਲਿਆਂ ਤੇ ਖੇਡ ਮੰਤਰਾਲੇ ਦੇ ਅਧਿਕਾਰੀ ਸ਼ਾਮਲ ਹੋਣਗੇ।

ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੇ ਦਵਾ ਨਿਯਮਾਂ, 1945 ਵਿੱਚ ਸੋਧਾਂ ਦੀ ਤਜਵੀਜ਼ ਕੀਤੀ ਏ ।

ਇਸ ਵਿੱਚ ਨਿਰਧਾਰਤ ਮੁੱਖ ਗੁਣਵੱਤਾ ਮਾਪਦੰਡਾਂ 'ਤੇ ਮਾੜੀ ਗੁਣਵੱਤਾ ਵਾਲੀਆਂ ਐਲਾਨੀਆਂ ਦਵਾਈਆਂ ਦੇ ਨਿਰਮਾਣ ਲਾਇਸੈਂਸਾਂ ਨੂੰ ਤੁਰੰਤ ਮੁਅੱਤਲ ਕਰਨਾ ਸ਼ਾਮਲ ਏ। ਤਜਵੀਜ਼ਸ਼ੁਦਾ ਸੋਧਾਂ ਦਾ ਉਦੇਸ਼ ਮਾੜੀ ਗੁਣਵੱਤਾ ਵਾਲੀਆਂ ਦਵਾਈਆਂ ਦਾ ਪਤਾ ਲਗਾਉਣ 'ਤੇ ਤੁਰੰਤ ਨਿਆਮਕ ਦਖਲਅੰਦਾਜ਼ੀ ਨੂੰ ਸਮਰੱਥ ਬਣਾਉਣਾ, ਉਨ੍ਹਾਂ ਦੇ ਨਿਰੰਤਰ ਨਿਰਮਾਣ ਅਤੇ

ਵੰਡ ਨੂੰ ਰੋਕਣਾ, ਅਤੇ ਮਰੀਜ਼ਾਂ ਦੀ ਸੁਰੱਖਿਆ ਅਤੇ ਜਨਤਕ ਸਿਹਤ ਦੇ ਹਿੱਤ ਵਿੱਚ ਪਾਲਣਾ ਲਾਗੂ ਕਰਨ ਦੇ ਢੰਗਾਂ ਨੂੰ ਮਜ਼ਬੂਤ ਕਰਨਾ ਏ।

ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਰਾਸ਼ਟਰਮੰਡਲ ਦੇਸ਼ਾਂ ਨੂੰ ਛੋਟੇ ਅਤੇ ਭਰੋਸੇਮੰਦ ਮਾਰਗਾਂ ਰਾਹੀਂ, ਸਪਲਾਈ ਚੇਨਾਂ ਵਿੱਚ ਭਿੰਨਤਾ ਲਿਆਉਣ ਦੀ ਅਪੀਲ ਕੀਤੀ ਏ। ਉਨ੍ਹਾਂ ਦਾ ਕਹਿਣਾ ਏ ਕਿ, ਬਿਹਤਰ ਸੰਪਰਕ ਨਾਲ ਵਪਾਰ ਅਤੇ ਕਾਰੋਬਾਰ ਵਧੇਗਾ।

ਸੇਂਟ ਜੌਨਜ਼, ਐਂਟੀਗੁਆ ਅਤੇ ਬਾਰਬੁਡਾ ਵਿੱਚ ਰਾਸ਼ਟਰਮੰਡਲ ਮੁਖੀਆਂ ਦੀ ਮੀਟਿੰਗ ਦੌਰਾਨ, ਵਪਾਰਕ ਆਗੂਆਂ ਦੀ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ, ਉਨ੍ਹਾਂ ਨੇ ਮਜ਼ਬੂਤ ਸਥਾਨਕ ਵੰਡ ਨੈੱਟਵਰਕ, ਹੁਨਰ ਵਿਕਾਸ ਅਤੇ ਸਮਰੱਥਾ ਨਿਰਮਾਣ ਦੀ ਲੋੜ 'ਤੇ ਜ਼ੋਰ ਦਿੱਤਾ। ਡਾ. ਜੈਸ਼ੰਕਰ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਭਾਰਤ ਦਾ ਆਲਮੀ ਵਪਾਰਕ ਭਾਈਚਾਰਾ, ਰਾਸ਼ਟਰਮੰਡਲ ਲਈ ਇੱਕ ਸੰਪਤੀ ਏ। ਉਨ੍ਹਾਂ ਨੇ ਡਿਜੀਟਲ ਤਕਨਾਲੋਜੀ ਨੂੰ ਕੁਸ਼ਲਤਾ, ਸੁਸ਼ਾਸਨ ਅਤੇ ਵਿਕਾਸ ਦਾ ਇੱਕ ਮੁੱਖ ਚਾਲਕ ਦੱਸਿਆ।

ਉੱਤਰ ਪ੍ਰਦੇਸ਼ ਸੈਕੰਡਰੀ ਸਿੱਖਿਆ ਬੋਰਡ ਨੇ 2027 ਦੀਆਂ 10ਵੀਂ ਅਤੇ

12ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਲਈ ਉੱਤਰ ਪੱਤਰੀਆਂ ਲਈ ਇੱਕ ਨਵਾਂ ਸਰੂਪ ਲਾਗੂ ਕਰਨ ਦਾ ਫੈਸਲਾ ਕੀਤਾ ਏ।

ਇਸ ਕਦਮ ਦਾ ਉਦੇਸ਼, ਪ੍ਰੀਖਿਆ ਪ੍ਰਣਾਲੀ ਨੂੰ ਵਧੇਰੇ ਸੁਰੱਖਿਅਤ, ਪਾਰਦਰਸ਼ੀ ਅਤੇ ਅਨੁਚਿਤ ਅਭਿਆਸਾਂ ਤੋਂ ਮੁਕਤ ਬਣਾਉਣਾ ਏ।

ਨਵੀਂ ਪ੍ਰਣਾਲੀ ਦੇ ਤਹਿਤ, ਉੱਤਰ ਪੱਤਰੀਆਂ ਵਿੱਚ QR ਕੋਡ ਵਾਲਾ ਇੱਕ ਮੁੱਖ ਕਵਰ ਹੋਵੇਗਾ। ਕੋਡ ਨੂੰ ਸਕੈਨ ਕਰਨ ਨਾਲ ਉੱਤਰ ਪ੍ਰਦੇਸ਼ ਸੈਕੰਡਰੀ ਸਿੱਖਿਆ ਬੋਰਡ ਦਾ ਲੋਗੋ ਸਾਹਮਣੇ ਆਵੇਗਾ। ਬੋਰਡ ਨੇ 10ਵੀਂ ਜਮਾਤ ਅਤੇ 12ਵੀਂ ਜਮਾਤ ਦੀਆਂ ਉੱਤਰ ਪੱਤਰੀਆਂ ਲਈ ਵੱਖ-ਵੱਖ ਰੰਗਾਂ ਦੀ ਵਰਤੋਂ ਕਰਨ ਦਾ ਵੀ ਐਲਾਨ ਕੀਤਾ ਏ।

ਬੋਰਡ ਨੇ ਉੱਤਰ ਪੱਤਰੀਆਂ ਦੀ ਸੁਰੱਖਿਆ ਲਈ ਵੀ ਵਿਸ਼ੇਸ਼ ਪ੍ਰਬੰਧ ਕੀਤੇ ਹਨ। ਉਹਨਾਂ ਨੂੰ 24 ਘੰਟੇ ਸੀਸੀਟੀਵੀ ਨਿਗਰਾਨੀ ਹੇਠ ਸੁਰੱਖਿਅਤ ਕਮਰਿਆਂ ਵਿੱਚ ਭੰਡਾਰ ਕੀਤਾ ਜਾਵੇਗਾ। ਉੱਤਰ ਪੱਤਰੀਆਂ ਦੇ ਬੰਡਲਾਂ ਦੇ ਸੀਰੀਅਲ ਨੰਬਰ ਵੀ ਰਜਿਸਟਰਾਂ ਵਿੱਚ ਦਰਜ ਕੀਤੇ ਜਾਣਗੇ ਤਾਂ ਜੋ ਉਨ੍ਹਾਂ ਦੇ ਭੰਡਾਰ ਅਤੇ ਵੰਡ ਦੀ ਸਹੀ ਨਿਗਰਾਨੀ ਨੂੰ ਯਕੀਨੀ ਬਣਾਇਆ ਜਾ ਸਕੇ। ਹਾਈ ਸਕੂਲ ਅਤੇ ਇੰਟਰਮੀਡੀਏਟ ਪ੍ਰੀਖਿਆਵਾਂ, 5 ਫਰਵਰੀ ਤੋਂ 24 ਫਰਵਰੀ, 2027 ਤੱਕ ਕਰਵਾਏ ਜਾਣ ਦੀ ਤਜਵੀਜ਼ ਏ।

ਉੱਤਰੀ ਰੇਲਵੇ ਦੇ ਜੰਮੂ ਰੇਲਵੇ ਡਿਵੀਜ਼ਨ ਨੇ ਦੀਵਾਲੀ ਅਤੇ ਛੱਠ ਪੂਜਾ ਦੌਰਾਨ ਮੁਸਾਫ਼ਰਾਂ ਦੀ ਵੱਧ ਆਵਾਜਾਈ ਦੇ ਮੱਦੇਨਜ਼ਰ ਪ੍ਰਮੁੱਖ ਰੇਲਵੇ

ਸਟੇਸ਼ਨਾਂ, ਖਾਸ ਕਰਕੇ ਜੰਮੂ ਤਵੀ ਸਟੇਸ਼ਨ 'ਤੇ ਸੁਰੱਖਿਆ ਅਤੇ ਯਾਤਰੀ ਪ੍ਰਬੰਧਨ ਪ੍ਰਬੰਧਾਂ ਨੂੰ ਮਜ਼ਬੂਤ ਕੀਤਾ ਏ।

ਵਾਧੂ ਟਿਕਟ ਜਾਂਚ ਕਰਮਚਾਰੀ, ਰੇਲਵੇ ਸੁਰੱਖਿਆ ਬਲ, ਸਰਕਾਰੀ ਰੇਲਵੇ ਪੁਲਿਸ, ਅਤੇ ਸਕਾਊਟਸ ਅਤੇ ਗਾਈਡ ਤਾਇਨਾਤ ਕੀਤੇ ਗਏ ਨੇ। ਮੁਸਾਫ਼ਰਾਂ ਦੀ ਸੁਚਾਰੂ ਅਤੇ ਸੁਰੱਖਿਅਤ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਸੀਸੀਟੀਵੀ ਨਿਗਰਾਨੀ ਅਤੇ 24 ਘੰਟੇ ਕੰਟਰੋਲ ਰੂਮ ਵੀ ਸਰਗਰਮ ਰਹੇਗਾ।

ਇਸੇ ਦੌਰਾਨ, ਉੱਤਰੀ ਰੇਲਵੇ ਅੱਜ ਅਤੇ ਕੱਲ੍ਹ ਸ਼੍ਰੀਨਗਰ ਅਤੇ ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਵਿਚਕਾਰ ਗ਼ੈਰ-ਰਾਖਵੀਆਂ ਵਿਸ਼ੇਸ਼ ਰੇਲਗੱਡੀਆਂ ਚਲਾਏਗਾ।

ਭਾਰਤੀ ਸਾਈਬਰ ਅਪਰਾਧ ਤਾਲਮੇਲ ਕੇਂਦਰ (ICCC), I4C ਨੇ ਬੈਂਕਾਂ, ਗੈਰ-ਬੈਂਕਿੰਗ ਵਿੱਤੀ ਕੰਪਨੀਆਂ ਅਤੇ ਫਿਨਟੈਕ ਕੰਪਨੀਆਂ ਨੂੰ, AI-ਅਧਾਰਿਤ ਸਾਧਨਾਂ ਦੀ ਵਰਤੋਂ ਕਰਕੇ ਕੀਤੇ ਜਾ ਰਹੇ ਵਿੱਤੀ ਸਾਈਬਰ ਹਮਲਿਆਂ ਦੀ ਵੱਧ ਰਹੀ ਗਿਣਤੀ ਬਾਰੇ ਸੁਚੇਤ ਕੀਤਾ ਏ।

ਕੇਂਦਰੀ ਗ੍ਰਹਿ ਮੰਤਰਾਲੇ ਦੇ ਅਧੀਨ ਕੰਮ ਕਰਨ ਵਾਲੇ ਆਈ -4-C ਨੇ ਵਿੱਤੀ ਸੰਸਥਾਵਾਂ ਨੂੰ ਜਾਰੀ ਇੱਕ ਸਲਾਹ ਵਿੱਚ ਉਨ੍ਹਾਂ ਨੂੰ ਭਾਰਤੀ ਕੰਪਿਊਟਰ ਐਮਰਜੈਂਸੀ ਰਿਸਪਾਂਸ ਟੀਮ ਵਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਨੂੰ ਤੁਰੰਤ ਲਾਗੂ ਕਰਨ ਲਈ ਕਿਹਾ ਏ।

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਵੀਕਾਰ ਕੀਤਾ ਏ ਕਿ, ਈਰਾਨ ਵਿੱਚ ਅੱਠ ਮਹੀਨਿਆਂ ਤੋਂ ਜਾਰੀ ਸੰਘਰਸ਼ ਨਾਲ, ਅਮਰੀਕਾ ਦੀਆਂ ਮੱਧ-ਕਾਲੀ ਚੋਣਾਂ 'ਤੇ ਡੂੰਘਾ ਅਸਰ ਪਿਆ ਏ। ਮੱਧ-ਕਾਲੀ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਵ੍ਹਾਈਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਵੋਟਰ, ਜੰਗ ਕਾਰਨ ਪੈਟਰੋਲ ਦੀਆਂ ਵਧਦੀਆਂ ਕੀਮਤਾਂ ਤੋਂ ਕਾਫ਼ੀ ਪਰੇਸ਼ਾਨ ਸਨ।

ਮੱਧ-ਕਾਲੀ ਚੋਣਾਂ ਵਿੱਚ, ਡੈਮੋਕਰੇਟਿਕ ਪਾਰਟੀ ਨੇ ਪ੍ਰਤੀਨਿਧੀ ਸਭਾ ਅਤੇ ਸੈਨੇਟ, ਦੋਵਾਂ ਵਿੱਚ ਬਹੁਮਤ ਹਾਸਲ ਕੀਤਾ ਏ।

ਏਸ਼ੀਅਨ ਹਾਕੀ ਵਿੱਚ, ਭਾਰਤ ਨੇ ਦੱਖਣੀ ਕੋਰੀਆ ਨੂੰ 8-1 ਨਾਲ ਹਰਾ ਕੇ 9ਵੀਂ ਹੀਰੋ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ ਏ।

ਜੇਤੂ ਟੀਮ ਦਾ ਅੱਜ ਮੋਹਾਲੀ ਦੇ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਇੰਟਰਨੈਸ਼ਨਲ ਹਾਕੀ ਸਟੇਡੀਅਮ ਵਿੱਚ ਜਾਪਾਨ ਨਾਲ ਹੋਵੇਗਾ। ਮੈਚ ਸ਼ਾਮ 7 ਵਜੇ ਸ਼ੁਰੂ ਹੋਵੇਗਾ।

ਓਧਰ ਮਲੇਸ਼ੀਆ ਦੀ ਟੀਮ ਪੈਨਲਟੀ ਸ਼ੂਟ-ਆਊਟ ਵਿੱਚ ਜਾਪਾਨ ਤੋਂ 5-3 ਨਾਲ ਹਾਰ ਗਈ। ਦੋਵੇਂ ਟੀਮਾਂ ਪਹਿਲੇ ਸੈਮੀਫਾਈਨਲ ਵਿੱਚ ਇੱਕ ਦੂਜੇ ਦੇ ਖਿਲਾਫ ਮੈਚ ਸਮੇਂ ਦੌਰਾਨ ਗੋਲ ਨਹੀਂ ਕਰ ਸਕੀਆਂ।

ਹੁਣ ਕਾਂਸੀ ਦੇ ਤਮਗੇ ਲਈ ਦੱਖਣੀ ਕੋਰੀਆ ਅਤੇ ਮਲੇਸ਼ੀਆ ਦਰਮਿਆਨ ਮੁਕਾਬਲਾ ਹੋਵੇਗਾ।

ਵੇਰਵੇ ਨਾਲ ਇੱਕ ਰਿਪੋਰਟ :

ਭਾਰਤ ਵਲੋਂ ਜਪਾਨ ਨੂੰ ਹਰਾ ਕੇ ਸ਼ਾਨਦਾਰ ਢੰਗ ਨਾਲ ਫਾਈਨਲ ਵਿੱਚ ਪਹੁੰਚਣ 'ਤੇ ਸਟੇਡੀਅਮ ਵਿੱਚ ਜਸ਼ਨ ਮਾਹੌਲ ਬਣ ਗਿਆ ਸੀ। ਟੀਮ ਨੂੰ ਉਤਸ਼ਾਹਿਤ ਕਰਨ ਵਾਲਿਆਂ ਵਿੱਚ 1975 ਦੇ ਵਿਸ਼ਵ ਕੱਪ ਹਾਕੀ ਜੇਤੂ ਕਪਤਾਨ ਅਜੀਤਪਾਲ ਸਿੰਘ ਅਤੇ ਅਸਲਮ ਸ਼ੇਰ ਖਾਨ ਸਮੇਤ ਜ਼ਫਰ ਇਕਬਾਲ, ਓਲੰਪੀਅਨ ਬਲਬੀਰ ਸਿੰਘ ਰੰਧਾਵਾ ਅਤੇ ਰਾਜਿੰਦਰ ਸਿੰਘ ਸੀਨੀਅਰ ਵੀ ਸ਼ਾਮਲ ਸਨ। ਸ਼ਿਲਾਨੰਦ ਲਾਕੜਾ ਅਤੇ ਦਿਲਪ੍ਰੀਤ ਸਿੰਘ ਨੇ ਦੋ-ਦੋ ਗੋਲ ਕੀਤੇ, ਜਦੋਂ ਕਿ ਕਪਤਾਨ ਹਰਮਨਪ੍ਰੀਤ ਸਿੰਘ ਅਤੇ ਹੋਰ ਸਾਥੀਆਂ ਨੇ ਇੱਕ-ਇੱਕ ਗੋਲ ਦਾ ਯੋਗਦਾਨ ਪਾਇਆ। ਕੋਰੀਆ ਦੇ ਸੰਜੁਨ ਹਾਨ ਨੇ ਇੱਕ ਗੋਲ ਕਰਕੇ ਆਪਣੀ ਟੀਮ ਦਾ ਸਨਮਾਨ ਬਚਾਇਆ।

ਇਸ ਤੋਂ ਪਹਿਲਾਂ, ਚੀਨ ਨੇ ਬੰਗਲਾਦੇਸ਼ ਨੂੰ 3-1 ਨਾਲ ਹਰਾ ਕੇ ਟੂਰਨਾਮੈਂਟ ਵਿੱਚ ਪੰਜਵਾਂ ਸਥਾਨ ਹਾਸਿਲ ਕੀਤਾ।

ਅੱਜ ਇਹ ਦੇਖਣਾ ਦਿਲਚਸਪ ਹੋਵੇਗਾ ਕਿ, ਮੌਜੂਦਾ ਚੈਂਪੀਅਨ ਅਤੇ ਪੰਜ ਵਾਰ ਦੀ ਏਸ਼ੀਅਨ ਚੈਂਪੀਅਨਜ਼ ਟਰਾਫੀ ਜੇਤੂ, ਭਾਰਤੀ ਟੀਮ, ਫਾਈਨਲ ਵਿੱਚ ਜਾਪਾਨ ਦਾ ਸਾਹਮਣਾ ਕਿਵੇਂ ਕਰਦੀ ਏ।

ਆਕਾਸ਼ਵਾਣੀ ਖ਼ਬਰਾਂ ਲਈ ਮੈਂ ਰਾਜੇਸ਼ ਬਾਲੀ

ਕ੍ਰਿਕੇਟ ਵਿੱਚ, ਭਾਰਤ ਨੇ ਕੱਲ ਆਕਲੈਂਡ ਵਿੱਚ ਪਹਿਲੇ ਇੱਕ-ਰੋਜ਼ਾ ਕੌਮਾਂਤਰੀ ਮੈਚ ਵਿੱਚ ਨਿਊਜ਼ੀਲੈਂਡ ਨੂੰ ਪੰਜ ਵਿਕਟਾਂ ਨਾਲ ਹਰਾ ਕੇ, ਪੰਜ ਮੈਚਾਂ ਦੀ ਲੜੀ ਵਿੱਚ 1-0 ਦੀ ਲੀਡ ਬਣਾ ਲਈ ਏ।

ਵਿਰਾਟ ਕੋਹਲੀ ਨੇ 51 ਗੇਂਦਾਂ 'ਚ 74 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ। ਵਿਰਾਟ ਕੋਹਲੀ ਨੇ ਇੱਕ ਰੋਜ਼ਾ ਮੈਚਾਂ ਵਿੱਚ, ਸਭ ਤੋਂ ਵੱਧ ਦੌੜਾਂ ਬਣਾਉਣ ਦੇ ਸਿਲਸਿਲੇ ਵਿੱਚ, ਮਹਾਨ ਕ੍ਰਿਕਟਰ ਸਚਿਨ ਤੇਂਦੁਲਕਰ ਨੂੰ ਵੀ ਪਿੱਛੇ ਛੱਡ ਦਿੱਤਾ ਏ।

- ਕੇਂਦਰੀ ਮੰਤਰੀ ਮੰਡਲ ਨੇ ਅਗਨੀਪਥ ਯੋਜਨਾ ਵਿੱਚ ਸੋਧੇ ਹੋਏ ਢਾਂਚੇ ਨੂੰ ਮਨਜ਼ੂਰੀ ਦਿੱਤੀ -ਰੱਖਿਆ ਬਲਾਂ ਵਿੱਚ ਸਾਰੇ ਚਾਹਵਾਨ ਅਗਨੀਵੀਰਾਂ ਦੀ 100 ਫੀਸਦੀ ਸਥਾਈ ਭਰਤੀ ਲਈ ਰਾਹ ਪੱਧਰਾ ਹੋਇਆ।

- ਗ੍ਰਹਿ ਮੰਤਰੀ ਅਮਿਤ ਸ਼ਾਹ ਅੱਜ ਅੰਬਾਲਾ ਛਾਉਣੀ ਵਿੱਚ, 1857 ਦੀ ਆਜ਼ਾਦੀ ਦੀ ਲੜਾਈ ਦੇ ਬਹਾਦਰ ਸ਼ਹੀਦਾਂ ਦੀ ਯਾਦ ਵਿੱਚ ਬਣਾਈ 'ਸ਼ਹੀਦ ਯਾਦਗਾਰ' ਦਾ ਉਦਘਾਟਨ ਕਰਨਗੇ।

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਨਵੀਂ ਦਿੱਲੀ ਵਿੱਚ, ਏਸ਼ੀਆਈ ਪੈਰਾ ਖੇਡਾਂ-2026 ਵਿੱਚ ਹਿੱਸਾ ਲੈਣ ਵਾਲੇ ਭਾਰਤੀ ਦਲ ਦੇ ਮੈਂਬਰਾਂ ਨਾਲ ਗੱਲਬਾਤ ਕਰਨਗੇ।

- ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵਲੋਂ ਮਾੜੀ ਗੁਣਵੱਤਾ ਵਾਲੀਆਂ ਐਲਾਨੀਆਂ ਦਵਾਈਆਂ ਦੇ ਨਿਰਮਾਣ ਲਾਇਸੈਂਸਾਂ ਨੂੰ ਤੁਰੰਤ ਮੁਅੱਤਲ ਕਰਨ ਦੀ ਤਜਵੀਜ਼।

- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਵੀਕਾਰ ਕੀਤਾ - ਈਰਾਨ ਸੰਘਰਸ਼ ਦਾ ਅਮਰੀਕਾ ਦੀਆਂ ਮੱਧ-ਕਾਲੀ ਚੋਣਾਂ 'ਤੇ ਡੂੰਘਾ ਅਸਰ ਪਿਆ -ਕਿਹਾ ਵੋਟਰ, ਜੰਗ ਕਾਰਨ ਪੈਟਰੋਲ ਦੀਆਂ ਵਧਦੀਆਂ ਕੀਮਤਾਂ ਤੋਂ ਕਾਫ਼ੀ ਪਰੇਸ਼ਾਨ ਸਨ।

- ਭਾਰਤ ਨੇ ਦੱਖਣੀ ਕੋਰੀਆ ਨੂੰ 8-1 ਨਾਲ ਹਰਾ ਕੇ 9ਵੀਂ ਹੀਰੋ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਆਪਣੀ ਥਾਂ ਪੱਕੀ ਕੀਤੀ - ਫਾਈਨਲ ਅੱਜ ਸ਼ਾਮ 7 ਵਜੇ ਜਾਪਾਨ ਨਾਲ ਹੋਵੇਗਾ।

ਇਸ ਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ। ਨਮਸਕਾਰ!